# CODE OF CONDUCT FOR STUDENTS

ਵਿਦਿਆਰਥੀਆਂ ਲਈ ਜਰੂਰੀ ਹਦਾਇਤਾਂ

1. ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਬੀ.ਐੱਡ./ਐਮ.ਐੱਡ. ਕੋਰਸਾਂ ਵਿੱਚ ਸੈਸ਼ਨ 2015-16 ਤੋਂ ਸਮੈਸਟਰ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ।
2. ਯੂਨੀਵਰਸਿਟੀ ਦੀਆਂ ਸ਼ਰਤਾਂ ਅਨੁਸਾਰ ਹਰ ਵਿਦਿਆਰਥੀ ਲਈ ਹਰ ਵਿਸ਼ੇ ਵਿੱਚ 75% ਲੈਕਚਰ ਲਗਾਉਣੇ ਜ਼ਰੂਰੀ ਹਨ। ਅਜਿਹਾ ਨਾ ਕਰਨ ਤੇ ਸੰਬੰਧਿਤ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਨਹੀਂ ਹੋਵੇਗਾ।
3. ਕਿਸੇ ਇੱਕ ਵਿਸ਼ੇ ਦੀਆਂ ਕਲਾਸਾਂ ਵਿੱਚ ਲਗਾਤਾਰ 10 ਦਿਨ ਗੈਰ ਹਾਜ਼ਰ ਰਹਿਣ ਕਾਰਨ ਜਾਂ ਕਾਲਜ ਫੀਸ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਵਿਦਿਆਰਥੀ ਦਾ ਨਾਮ ਕਾਲਜ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ।
4. ਵਿਦਿਆਰਥੀ ਲੰਬੀ ਛੁੱਟੀ ਲੈਣ ਤੋਂ ਗੁਰੇਜ਼ ਕਰਨ। ਟੀਚਿੰਗ ਪ੍ਰੈਕਟਿਸ/ਇੰਟਰਨਸ਼ਿਪ ਅਤੇ ਘਰੇਲੂ ਪ੍ਰੀਖਿਆ ਦੌਰਾਨ ਕੋਈ ਵਿਦਿਆਰਥੀ ਛੁੱਟੀ ਨਹੀਂ ਲਵੇਗਾ। ਲੰਬੀ ਛੁੱਟੀ ਲੈਣ ਕਾਰਨ ਟੀਚਿੰਗ ਪ੍ਰੈਕਟਿਸ/ਇੰਟਰਨਸ਼ਿਪ ਅਤੇ ਘਰੇਲੂ ਪ੍ਰੀਖਿਆ ਦੀਆਂ ਨਿਰਧਾਰਤ ਲੋੜੀਂਦੀਆਂ ਸ਼ਰਤਾਂ ਪੂਰੀਆਂ ਨਾ ਕਰ ਸਕਣ ਵਾਲੇ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਦੇਣ ਦੇ ਅਯੋਗ ਘੋਸ਼ਿਤ ਕਰ ਦਿੱਤੇ ਜਾਣਗੇ।
5. ਕਾਲਜ ਵਿੱਚ ਮੋਬਾਇਲ ਫੋਨ ਦੀ ਵਰਤੋਂ ਬਾਰੇ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਉਸ ਦਾ ਮੋਬਾਇਲ ਵੀ ਜ਼ਬਤ ਕੀਤਾ ਜਾ ਸਕਦਾ ਹੈ।
6. ਕਾਲਜ ਕੈਂਪਸ ਵਿੱਚ ਸਿਗਰਟ, ਸ਼ਰਾਬ ਜਾਂ ਕਿਸੇ ਹੋਰ ਨਸ਼ੀਲੀ ਵਸਤੂ ਦਾ ਸੇਵਨ ਕਰਨਾ ਸਖਤ ਮਨ੍ਹਾਂ ਹੈ।
7. ਕਾਲਜ ਕੈਂਪਸ ਵਿੱਚ ਕਿਸੇ ਕਿਸਮ ਦਾ ਹਥਿਆਰ ਲੈ ਕੇ ਆਉਣਾ ਮਨ੍ਹਾਂ ਹੈ।
8. ਵਿਦਿਆਰਥੀ ਲਈ ਕਾਲਜ ਵੱਲੋਂ ਜਾਰੀ ਕੀਤਾ ਸ਼ਨਾਖਤੀ ਕਾਰਡ ਲੈ ਕੇ ਆਉਣਾ ਜ਼ਰੂਰੀ ਹੈ ਜੋ ਕਿਸੇ ਵੀ ਵੇਲੇ ਚੈੱਕ ਕੀਤਾ ਜਾ ਸਕਦਾ ਹੈ।
9. ਵਿਦਿਆਰਥੀਆਂ ਨੂੰ ਆਪਣੇ ਦੋਸਤਾਂ/ਬਾਹਰਲੇ ਵਿਅਕਤੀਆਂ ਨੂੰ ਕਾਲਜ ਵਿੱਚ ਲੈ ਕੇ ਆਉਣ ਦੀ ਮਨਾਹੀ ਹੈ। ਬਾਹਰੋਂ ਆਉਣ ਵਾਲਾ ਕੋਈ ਵਿਅਕਤੀ ਜੇਕਰ ਕਾਲਜ ਦੇ ਕਿਸੇ ਵਿਦਿਆਰਥੀ ਨੂੰ ਮਿਲਣਾ ਚਾਹੁੰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਕਾਲਜ ਦੇ ਦਫਤਰ ਨਾਲ ਸੰਪਰਕ ਕਰੇ।

# CODE OF CONDUCT FOR STUDENTS

ਵਿਦਿਆਰਥੀਆਂ ਲਈ ਜਰੂਰੀ ਹਦਾਇਤਾਂ

10. ਪ੍ਰਿੰਸੀਪਲ ਦੀ ਅਗੇਤੀ ਪ੍ਰਵਾਨਗੀ ਲਏ ਬਿਨਾਂ ਕਾਲਜ ਵਿੱਚ ਵਿਦਿਆਰਥੀ ਕਿਸੇ ਕਿਸਮ ਦਾ ਕੋਈ ਇਕੱਠ, ਪਾਰਟੀ ਜਾਂ ਪ੍ਰੋਗਰਾਮ ਨਹੀਂ ਕਰ ਸਕਦੇ।
11. ਕਾਲਜ ਵੱਲੋਂ ਕਰਵਾਏ ਜਾਣ ਵਾਲੇ ਸਾਰੇ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਦਾ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ।
12. ਕਾਲਜ ਦੀ ਜਾਇਦਾਦ, ਫੁੱਲ, ਬੂਟੇ, ਦਰਖ਼ਤ ਆਦਿ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।
13. ਕਾਲਜ ਨੋਟਿਸ ਬੋਰਡ ਤੇ ਆਪਣੇ ਵੱਲੋਂ ਕੋਈ ਨੋਟਿਸ ਲਗਾਉਣ ਜਾਂ ਉੱਥੇ ਕਾਲਜ ਦਾ ਕੋਈ ਦਸਤਾਵੇਜ਼ ਉਤਾਰਨ/ਫਾੜਨ/ਖਰਾਬ ਕਰਨ ਦੀ ਸਖਤ ਮਨਾਹੀ ਹੈ।
14. ਕਿਸੇ ਵਿਦਿਆਰਥੀ ਦੀ ਕੋਈ ਭੈੜੀ ਹਰਕਤ, ਦੁਰਵਿਵਹਾਰ ਜਾਂ ਅਨੁਸ਼ਾਸਨਹੀਨਤਾ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਪ੍ਰਿੰਸੀਪਲ ਕੋਲ ਹੈ।
15. ਕਾਲਜ ਦੇ ਵਿਦਿਆਰਥੀ ਸਾਰਾ ਹਫ਼ਤਾ ਕਾਲਜ ਦੁਆਰਾ ਪ੍ਰਮਾਣਿਤ ਵਰਦੀ ਪਾਉਣਗੇ। ਲੜਕੀਆਂ ਹਲਕੇ ਗੁਲਾਬੀ ਰੰਗ ਦੀ ਸਲਵਾਰ ਕਮੀਜ਼ ਅਤੇ ਦੁਪੱਟਾ, ਸਰਦੀਆਂ ਵਿੱਚ ਕਾਲਾ ਸਵੈਟਰ ਅਤੇ ਲੜਕਿਆਂ ਲਈ ਹਲਕੇ ਗੁਲਾਬੀ ਰੰਗ ਦੀ ਕਮੀਜ਼, ਕਾਲੀ ਪੈਂਟ ਅਤੇ ਕਾਲੀ ਪੱਗ। ਸਰਦਾਰਾਂ ਲਈ ਸਰਦੀਆਂ ਵਿੱਚ ਕਾਲਾ ਸਵੈਟਰ।
16. ਜੇ ਕਿਸੇ ਵਿਦਿਆਰਥੀ ਨੇ ਆਪਣਾ ਚੋਣਵਾਂ ਵਿਸ਼ਾ ਬਦਲਣਾ ਹੋਵੇ ਉਹ ਇਹ ਤਬਦੀਲੀ ਜਮਾਤਾਂ ਸ਼ੁਰੂ ਹੋਣ ਤੋਂ 10 ਦਿਨਾਂ ਤੱਕ ਹੀ ਕਰ ਸਕਦਾ ਹੈ। ਨਿਸ਼ਚਿਤ ਮਿਤੀ ਤੋਂ ਬਾਅਦ ਕਿਸੇ ਵਿਦਿਆਰਥੀ ਨੂੰ ਵਿਸ਼ਾ ਬਦਲਣ ਦੀ ਆਗਿਆ ਨਹੀਂ ਹੋਵੇਗੀ।